THE EDUCATION CENTRE - AURORA
60 Wellington Street West, Aurora, Ontario L4G 3H2
**ਫੋਨ**: 905.722.3201 905.895.7216 905.727.3141 416.969.8131
**ਫੈਕਸ**: 905.727.1931
ਵੈਬਸਾਈਟ: www.yrdsb.ca

# YRDSB ਵਰਚੂਅਲ ਸਕੂਲ ਟਰਾਂਸਫਰ ਫਾਰਮ

**ਪਿਆਰੇ ਪਰਿਵਾਰੋ,**
ਸਾਨੂੰ ਉਮੀਦ ਹੈ ਕਿ ਤੁਹਾਡੇ ਬੱਚਿਆਂ ਦੀ ਮਾਰਚ ਬਰੇਕ ਸੁਰੱਖਿਅਤ ਅਤੇ ਮਜ਼ੇਦਾਰ ਰਹੀ ਹੋਵੇਗੀ। ਅਸੀਂ ਜ਼ੋਰਾਂ-ਸ਼ੋਰਾਂ ਨਾਲ ਅਗਲੇ ਸਕੂਲੀ ਸਾਲ ਦੀ ਤਿਆਰੀ ਵਿਚ ਲੱਗੇ ਰਹੇ ਹਾਂ। ਭਾਵੇਂ ਜ਼ਿਆਦਾਤਰ ਵਿਦਿਆਰਥੀ ਹੁਣ ਇਨ-ਪਰਸਨ (ਆਹਮੋ-ਸਾਹਮਣੇ) ਸਕੂਲ ਆ ਰਹੇ ਹਨ, ਪਰ ਅਸੀਂ ਮੰਨਦੇ ਹਾਂ ਕਿ ਕੁੱਝ ਪਰਿਵਾਰ ਆਪਣੇ ਬੱਚਿਆਂ ਲਈ ਔਨਲਾਈਨ ਪੜ੍ਹਾਈ ਜਾਰੀ ਰੱਖਣਾ ਚਾਹ ਰਹੇ ਹਨ। ਓਨਟੇਰੀਓ ਸਰਕਾਰ ਨੇ ਪਿੱਛੇ ਜਿਹੇ ਐਲਾਨ ਕੀਤਾ ਹੈ ਕਿ ਸਕੂਲ ਬੋਰਡਾਂ ਲਈ ਲਾਜ਼ਮੀ ਹੈ ਕਿ ਉਹ ਸਾਲ 2022-2023 ਦੇ ਸਕੂਲ ਸਾਲ ਲਈ ਵੀ ਵਿਦਿਆਰਥੀਆਂ ਨੂੰ ਵਰਚੂਅਲ ਪੜ੍ਹਾਈ ਦੀ ਪੇਸ਼ਕਸ਼ ਕਰਦੇ ਰਹਿਣ। ਇਸ ਅਨੁਸਾਰ ਯੌਰਕ ਰੀਜਨ ਡਿਸਟ੍ਰਿਕਟ ਸਕੂਲ ਬੋਰਡ 2022-2023 ਦੇ ਸਕੂਲ ਸਾਲ ਲਈ ਐਲੀਮੈਂਟਰੀ ਵਰਚੂਅਲ ਸਕੂਲ (EVS) ਅਤੇ ਸੈਕੰਡਰੀ ਵਰਚੂਅਲ ਸਕੂਲ (SVS) ਰਾਹੀਂ ਫੇਸ-ਟੂ-ਫੇਸ (F2F) ਅਤੇ ਵਰਚੂਅਲ ਪੜ੍ਹਾਈ ਪ੍ਰਦਾਨ ਕਰ ਰਿਹਾ ਹੈ। ਸਾਡੀ ਯੋਜਨਾ ਵਿਚ ਅਗਲੇ ਸਾਲ ਲਈ ਹਾਈਬ੍ਰਿਡ ਪੜ੍ਹਾਈ ਸ਼ਾਮਲ ਨਹੀਂ ਹੈ।

**ਜੇ ਤੁਹਾਡਾ ਬੱਚਾ ਅਗਲੇ ਸਾਲ ਇਨ-ਪਰਸਨ (ਫੇਸ-ਟੂ-ਫੇਸ) ਸਕੂਲ ਅਟੈਂਡ ਕਰ ਰਿਹਾ ਹੈ ਤਾਂ ਕੋਈ ਕਾਰਵਾਈ ਕਰਨ ਦੀ ਲੋੜ ਨਹੀਂ।**

ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਬੱਚਾ ਸਕੂਲ ਸਾਲ 2022-2023 ਵਿਚ ਵਰਚੂਅਲ ਸਕੂਲ ਅਟੈਂਡ ਕਰੇ, ਸਾਡੇ ਵਰਚੂਅਲ ਸਕੂਲਾਂ ਬਾਰੇ ਹੋਰ ਜਾਣਕਾਰੀ ਚਾਹੁੰਦੇ ਹੋ ਤਾਂ ਅੱਗੇ ਪੜ੍ਹੋ।

## ਐਲੀਮੈਂਟਰੀ ਵਰਚੁਅਲ ਸਕੂਲ

ਔਨਲਾਈਨ ਸਕੂਲ ਅਟੈਂਡ ਕਰਨ ਵਾਲੇ ਵਿਦਿਆਰਥੀਆਂ ਲਈ:

- ਵਿਦਿਆਰਥੀਆਂ ਨੂੰ ਇਕ ਰੋਜ਼ਾਨਾ ਸਾਰਣੀ ਮਿਲੇਗੀ, ਜਿਹੜੀ ਸਕੂਲ ਦੇ ਇਕ ਆਮ ਦਿਨ ਵਾਂਗ ਹੋਵੇਗੇ, ਜਿਸ ਵਿਚ ਰਿਸੈੱਸ (ਬਰੇਕ) ਅਤੇ ਲੰਚ ਟਾਈਮ ਸ਼ਾਮਲ ਹੋਵੇਗਾ।
- ਪੜ੍ਹਾਈ ਓਨਟੇਰੀਓ ਕਰੀਕੁਲਮ ਦੇ ਮੁਤਾਬਕ ਹੋਵੇਗੀ ਅਤੇ ਰੈਗੂਲਰ ਕਲਾਸਰੂਮ ਵਾਲੇ ਪੈਟਰਨ ਅਨੁਸਾਰ ਹੀ ਚੱਲੇਗੀ, ਜਿਵੇਂ ਕਿ ਛੋਟੇ ਅਤੇ ਵੱਡੇ ਗਰੁੱਪ ਲਰਨਿੰਗ ਮੌਕੇ, ਜਿਨ੍ਹਾਂ ਵਿਚ ਵਿਦਿਆਰਥੀ ਆਪਣੇ ਟੀਚਰ ਅਤੇ ਕਲਾਸਮੇਟਾਂ ਨਾਲ ਸ਼ਾਮਲ ਹੁੰਦੇ ਹਨ।
- **ਕਿੰਡਰਗਾਰਟਨ ਦੇ ਵਿਦਿਆਰਥੀਆਂ** ਕੋਲ ਅਸਲੀ 300 ਮਿੰਟ ਵਾਲੇ ਦਿਨ ਵਿਚੋਂ 180 ਮਿੰਟ ਦਿਨ ਦੇ ਟੀਚਰ ਅਤੇ ਡੈਜ਼ਿਗਨੇਟਡ ਅਰਲੀ ਚਾਈਲਡਹੁੱਡ ਐਜੂਕੇਟਰ (DECE) ਨਾਲ ਲਾਈਵ (synchronous) ਪੜ੍ਹਾਈ ਹੋਵੇਗੀ। ਬਾਕੀ ਬਚਦੇ ਸਮੇਂ ਵਿਚ ਏਸਿਨਕਰੋਨਸ (ਲਾਈਵ ਨਹੀਂ) ਪੜ੍ਹਾਈ ਹੋਵੇਗੀ।
- **ਗਰੇਡ 1-8 ਦੇ ਵਿਦਿਆਰਥੀਆਂ** ਕੋਲ ਅਸਲੀ 300 ਮਿੰਟ ਵਾਲੇ ਦਿਨ ਵਿਚੋਂ 225 ਮਿੰਟ ਦਿਨ ਦੇ, ਟੀਚਰ ਦੇ ਨਾਲ ਲਾਈਵ (synchronous) ਪੜ੍ਹਾਈ ਹੋਵੇਗੀ। ਬਾਕੀ ਬਚਦੇ ਸਮੇਂ ਵਿਚ ਏਸਿਨਕਰੋਨਸ (ਲਾਈਵ ਨਹੀਂ) ਪੜ੍ਹਾਈ ਹੋਵੇਗੀ।
- ਵਿਦਿਆਰਥੀਆਂ/ਪਰਿਵਾਰ ਦੀ ਰੁਚੀ ਅਤੇ ਸਟਾਫ ਦੀਆਂ ਜ਼ਰੂਰਤਾਂ ਦੇ ਅਧਾਰ ਤੇ ਸਾਲ 2022-2023 ਵਿਚ ਫਰੈਂਚ ਇਮਰਸ਼ਨ ਪ੍ਰੋਗਰਾਮ ਪ੍ਰਦਾਨ ਕੀਤੇ ਜਾਣਗੇ। ਜਦੋਂ ਤੱਕ ਟਰਾਂਸਫਰ ਫਾਰਮ ਬੰਦ ਨਹੀਂ ਹੁੰਦੇ, ਅਸੀਂ ਇਸ ਗੱਲ ਦੀ ਗਾਰੰਟੀ ਨਹੀਂ ਕਰ ਸਕਦੇ ਕਿ ਇਹ ਔਪਸ਼ਨਲ ਪ੍ਰੋਗਰਾਮ ਪ੍ਰਦਾਨ ਕੀਤਾ ਜਾਵੇਗਾ। ਜੇ ਕਰ ਫਰੈਂਚ ਇਮਰਜ਼ਨ ਪ੍ਰੋਗਰਾਮ ਵਰਚੂਅਲ ਤੌਰ ਤੇ ਉਪਲਬਧ ਨਹੀਂ ਹੁੰਦਾ, ਤੁਹਾਡਾ ਬੱਚਾ ਅਗਲੇ ਸਾਲ (2023-2024) ਦੌਰਾਨ ਫੇਸ-ਟੂ-ਫੈਸ ਫਰੈਂਚ ਇਮਰਸ਼ਨ ਪ੍ਰੋਗਰਾਮ ਵਿਚ ਦੁਬਾਰਾ ਦਾਖਲ ਹੋ ਸਕੇਗਾ।
- ਜਿਨ੍ਹਾਂ ਵਿਦਿਆਰਥੀਆਂ ਨੂੰ ਇੰਗਲਿਸ਼ ਐਜ਼ ਏ ਸੈਕੰਡ ਲੈਂਗੁਏਜ (ਈਐਸਐਲ) ਪ੍ਰੋਗਰਾਮਾਂ ਦੀ ਜ਼ਰੂਰਤ ਹੈ, ਉਨ੍ਹਾਂ ਨੂੰ ਇੰਗਲਿਸ਼ ਲੈਂਗੁਏਜ ਸਹਾਇਤਾ ਮਿਲਦੀ ਰਹੇਗੀ।
- ਸਪੈਸ਼ਲ ਐਜੂਕੇਸ਼ਨ ਲੋੜਾਂ ਵਾਲੇ ਵਿਦਿਆਰਥੀਆਂ ਦੀ ਮਦਦ ਕਰਨਾ ਦੋਵੇਂ ਲਰਨਿੰਗ ਮੌਡਲਾਂ ਵਿਚ ਇਕ ਪਹਿਲ ਰਹੇਗੀ। ਦੋਵੇਂ ਮੌਡਲਾਂ ਵਿਚ ਸਪੈਸ਼ਲ ਐਜੂਕੇਸ਼ਨ ਸਟਾਫ ਵਿਦਿਆਰਥੀਆਂ ਦੀ ਸਹਾਇਤਾ ਜਾਰੀ ਰੱਖੇਗਾ। IEPs ਵਾਲੇ ਵਿਦਿਆਰਥੀਆਂ ਦੇ ਪਰਿਵਾਰਾਂ ਨਾਲ ਉਨ੍ਹਾਂ ਦੇ ਬੱਚੇ ਦੇ IEP ਬਾਰੇ ਸਲਾਹ ਕਰਨ ਲਈ ਵਰਚੂਅਲ ਸਕੂਲ ਦੁਆਰਾ ਸਤੰਬਰ

THE EDUCATION CENTRE - AURORA
60 Wellington Street West, Aurora, Ontario L4G 3H2
**ਫੋਨ**: 905.722.3201 905.895.7216 905.727.3141 416.969.8131
**ਫੈਕਸ**: 905.727.1931
ਵੈਬਸਾਈਟ: www.yrdsb.ca

ਵਿਚ ਸੰਪਰਕ ਕੀਤਾ ਜਾਵੇਗਾ। ਸਪੈਸ਼ਲ ਐਜੂਕੇਸ਼ਨ ਕਮਿਉਨਿਟੀ ਕਲਾਸਾਂ ਵਿਚਲੇ ਵਿਦਿਆਰਥੀਆਂ ਦੇ ਪਰਿਵਾਰਾਂ ਨਾਲ ਵਰਚੂਅਲ ਸਕੂਲ ਦੁਆਰਾ ਗੂਗਲ ਕਲਾਸਰੂਮ ਅਤੇ ਔਨਲਾਈਨ ਮੀਟਿੰਗ ਵੇਰਵਿਆਂ ਲਈ ਸੰਪਰਕ ਕੀਤਾ ਜਾਵੇਗਾ।

ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸਾਡੇ ਪਰਿਵਾਰਾਂ ਲਈ ਵਰਚੂਅਲ ਸਕੂਲ ਸਵਾਲ-ਜਵਾਬ ਦੇਖੋ।

## ਸੈਕੰਡਰੀ ਵਰਚੁਅਲ ਸਕੂਲ

- ਗਰੇਡ 9-12 ਦੇ ਵਿਦਿਆਰਥੀਆਂ ਨੂੰ ਇਕ ਰੋਜ਼ਾਨਾ ਸਾਰਣੀ ਮਿਲੇਗੀ, ਜਿਹੜੀ 75 ਮਿੰਟ ਵਾਲੇ ਚਾਰ ਪੀਰੀਅਡਾਂ ਅਤੇ ਸਾਂਝੇ ਲੰਚ ਪੀਰੀਅਡ ਵਾਲੇ ਸਕੈਜੂਅਲ ਤੇ ਅਧਾਰਤ ਹੋਵੇਗੀ।
- ਹਰ 75 ਮਿੰਟ ਦੇ ਪੀਰੀਅਡ ਵਿਚ 60 ਮਿੰਟ ਦੀ ਲਾਈਵ (ਸਿਨਕਰੋਨਸ) ਪੜ੍ਹਾਈ ਹੋਵੇਗੀ।
- ਪੜ੍ਹਾਈ ਓਨਟੇਰੀਓ ਕਰੀਕੁਲਮ ਦੇ ਮੁਤਾਬਕ ਹੋਵੇਗੀ ਅਤੇ ਰੈਗੂਲਰ ਕਲਾਸਰੂਮ ਵਾਲੇ ਪੈਟਰਨ ਅਨੁਸਾਰ ਹੀ ਚੱਲੇਗੀ, ਜਿਵੇਂ ਕਿ ਛੋਟੇ ਅਤੇ ਵੱਡੇ ਗਰੁੱਪ ਲਰਨਿੰਗ ਮੌਕੇ, ਜਿਨ੍ਹਾਂ ਵਿਚ ਵਿਦਿਆਰਥੀ ਆਪਣੇ ਟੀਚਰ ਅਤੇ ਕਲਾਸਮੇਟਾਂ ਨਾਲ ਸ਼ਾਮਲ ਹੁੰਦੇ ਹਨ।
- ਗਰੇਡ 9-12 ਦੌਰਾਨ ਕੰਪਲਸਰੀ ਕੋਰਸ ਔਫਰ ਕੀਤੇ ਜਾਂਦੇ ਹਨ ਅਤੇ ਗਰੇਡ 9-12 ਸੀਮਤ ਗਿਣਤੀ ਵਿਚ ਇਲੈਕਟਿਵ ਜਾਂ ਚੋਣਵੇਂ ਕੋਰਸ ਉਪਲਬਧ ਹਨ। ਇਹ ਵੀ ਧਿਆਨ ਰੱਖਣਾ ਜ਼ਰੂਰੀ ਹੈ ਕਿ ਕਿਸੇ ਵੀ ਸਕੂਲ ਦੀ ਤਰਾਂ ਚਲੰਤ ਕੋਰਸ ਪਲੈਨਿੰਗ ਤੇ ਵਿਦਿਆਰਥੀਆਂ ਦੀ ਮੰਗ ਦਾ ਅਸਰ ਪੈਂਦਾ ਹੈ ਅਤੇ ਕੁੱਝ ਕੋਰਸ ਹੋ ਸਕਦਾ ਹੈ ਕਿ ਔਫਰ ਨਾ ਕੀਤੇ ਜਾਣ। ਸੈਕੰਡਰੀ ਵਰਚੁਅਲ ਸਕੂਲ ਰੈਗੂਲਰ ਸਕੂਲ ਸਾਲ ਕੈਲੰਡਰ ਵਾਲੀ ਕੋਰਸ ਪਲੈਨਿੰਗ ਅਤੇ ਸਮਾਂ-ਸਾਰਣੀ ਦੇ ਅਨੁਸਾਰ ਚੱਲੇਗਾ।
- ਪਰਿਵਾਰਾਂ ਅਤੇ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਸੈਕੰਡਰੀ ਵਰਚੁਅਲ ਸਕੂਲ ਕੋਰਸ ਕੈਲੰਡਰ ਦੀ ਸਮੀਖਿਆ ਕਰਨ, ਕਿਉਂਕਿ ਔਪਸ਼ਨਲ ਸਪੈਸ਼ਲਾਈਜ਼ਡ ਪ੍ਰੋਗ੍ਰਾਮ ਉਪਲਬਧ ਨਹੀਂ, ਜਿਨ੍ਹਾਂ ਵਿਚ ਅਡਵਾਂਸ ਪਲੇਸਮੈਂਟ, ਇੰਟਰਨੈਸ਼ਨਲ ਬੈਕਲੌਰੀਏਟ, ਆਰਟਸ, ਐਸ ਐਚ ਐਸ ਐਮ, ਫਰੈਂਚ ਇਮਰਸ਼ਨ (Advance Placement, International Baccalaureate, ARTS, SHSM, French Immersion) ਸ਼ਾਮਲ ਹਨ। ਗਰੇਡ 9-12 ਤੋਂ ਸਾਰੀਆਂ ਸਪੈਸ਼ਲ ਐਜੂਕੇਸ਼ਨ ਕਲਾਸਾਂ ਉਪਲਬਧ ਹਨ।
- ਸਪੈਸ਼ਲ ਐਜੂਕੇਸ਼ਨ ਲੋੜਾਂ ਵਾਲੇ ਵਿਦਿਆਰਥੀਆਂ ਦੀ ਮਦਦ ਕਰਨਾ ਦੋਵੇਂ ਲਰਨਿੰਗ ਮੌਡਲਾਂ ਵਿਚ ਇਕ ਪਹਿਲ ਰਹੇਗੀ। ਦੋਵੇਂ ਮੌਡਲਾਂ ਵਿਚ ਸਪੈਸ਼ਲ ਐਜੂਕੇਸ਼ਨ ਸਟਾਫ ਵਿਦਿਆਰਥੀਆਂ ਦੀ ਸਹਾਇਤਾ ਜਾਰੀ ਰੱਖੇਗਾ। IEPs ਵਾਲੇ ਵਿਦਿਆਰਥੀਆਂ ਦੇ ਪਰਿਵਾਰਾਂ ਨਾਲ ਉਨ੍ਹਾਂ ਦੇ ਬੱਚੇ ਦੇ IEP ਬਾਰੇ ਸਲਾਹ ਕਰਨ ਲਈ ਵਰਚੂਅਲ ਸਕੂਲ ਦੁਆਰਾ ਸਤੰਬਰ ਵਿਚ ਸੰਪਰਕ ਕੀਤਾ ਜਾਵੇਗਾ। ਸਪੈਸ਼ਲ ਐਜੂਕੇਸ਼ਨ ਕਮਿਉਨਿਟੀ ਕਲਾਸਾਂ ਵਿਚਲੇ ਵਿਦਿਆਰਥੀਆਂ ਦੇ ਪਰਿਵਾਰਾਂ ਨਾਲ ਵਰਚੂਅਲ ਸਕੂਲ ਦੁਆਰਾ ਗੂਗਲ ਕਲਾਸਰੂਮ ਅਤੇ ਔਨਲਾਈਨ ਮੀਟਿੰਗ ਵੇਰਵਿਆਂ ਲਈ ਸੰਪਰਕ ਕੀਤਾ ਜਾਵੇਗਾ।
- ਗਰੇਡ 9-12 ਵਾਲੇ ਵਿਦਿਆਰਥੀ ਮਾਈਪੈਥਵੇ ਪਲੈਨਰ ਅਕਾਉਂਟ ਰਾਹੀਂ ਕੋਰਸਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ, ਜਿਸ ਦਾ ਅਕਸੈੱਸ ਬੋਰਡ ਲੌਗਿਨ ਰਾਹੀਂ ਹੁੰਦਾ ਹੈ। ਕੋਰਸ ਪੇਸ਼ ਕੀਤੇ ਜਾਣਾ ਵਿਦਿਆਰਥੀਆਂ ਦੀ ਮੰਗ ਸਮੇਤ ਕਈ ਗੱਲਾਂ ਤੇ ਨਿਰਭਰ ਕਰਦਾ ਹੈ, ਇਸ ਕਰਕੇ ਇਹ ਯਾਦ ਰੱਖਣਾ ਅਹਿਮ ਹੈ ਕਿ ਸਾਰੇ ਕੋਰਸ ਉਪਬਲਧ ਨਹੀਂ ਹੋਣਗੇ ਅਤੇ ਨਾ ਹੀ ਸਾਰੇ ਕੋਰਸ ਸਾਰੇ ਪੀਰੀਅਡਾਂ ਦੌਰਾਨ ਪੇਸ਼ ਕੀਤੇ ਜਾਂਦੇ ਹਨ।
- ਜਿਨ੍ਹਾਂ ਵਿਦਿਆਰਥੀਆਂ ਅਤੇ ਪਰਿਵਾਰਾਂ ਦੇ ਪੋਸਟ-ਸੈਕੰਡਰੀ ਵਿਕਲਪਾਂ ਬਾਰੇ ਸਵਾਲ ਹੋਣ, ਜਿਨ੍ਹਾਂ ਵਿਚ ਕੁੱਝ ਖਾਸ ਕੋਰਸਾਂ ਦੀ ਲੋੜ ਹੋਵੇ, ਉਨ੍ਹਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਮੌਜੂਦਾ ਸਕੂਲ ਦੇ ਗਾਈਡੰਸ ਸਟਾਫ ਨਾਲ ਸੰਪਰਕ ਕਰਨ। ਸਾਰੇ ਵਿਦਿਆਰਥੀ ਕੋਰਸਾਂ ਦੀ ਚੋਣ ਬਾਰੇ ਸਵਾਲਾਂ ਤੇ ਵਿਚਾਰ ਕਰਨ ਲਈ ਗਾਈਡੰਸ ਸਟਾਫ ਨਾਲ ਅਪਾਇੰਟਮੈਂਟ ਬਣਾ ਸਕਦੇ ਹਨ।
- ਜਿਵੇਂ ਕਿ ਮਨਿਸਟਰੀ ਦੁਆਰਾ ਉਲੀਕਿਆ ਗਿਆ ਹੈ, ਵਰਚੁਅਲ ਸਕੂਲ ਵਿਚ ਲਏ ਕੋਰਸਾਂ ਦੀ ਵਰਤੋਂ ਗਰੈਜੂਏਸ਼ਨ ਲਈ ਲੋੜੀਂਦੇ ਦੋ ਈ-ਲਰਨਿੰਗ ਕਰੈਡਿਟਾਂ ਵਾਸਤੇ ਨਹੀਂ ਕੀਤੀ ਜਾ ਸਕਦੀ। ਇਸ ਜ਼ਰੂਰਤ ਬਾਰੇ ਹੋਰ ਜਾਣਕਾਰੀ ਸਾਰੇ ਪਰਿਵਾਰਾਂ ਨੂੰ ਇਸ ਸਪ੍ਰਿੰਗ ਰੁੱਤ ਦੌਰਾਨ ਦੇ ਦਿੱਤੀ ਜਾਵੇਗੀ।
- ਕੋ-ਕਰੀਕੁਲਰ ਕਲੱਬ ਅਤੇ ਇਵੈਂਟਸ ਵਰਚੁਅਲ ਤੌਰ ਤੇ ਪੇਸ਼ ਕੀਤੇ ਜਾਣਗੇ।

THE EDUCATION CENTRE - AURORA
60 Wellington Street West, Aurora, Ontario L4G 3H2
**ਫੋਨ**: 905.722.3201 905.895.7216 905.727.3141 416.969.8131
**ਫੈਕਸ**: 905.727.1931
ਵੈਬਸਾਈਟ: www.yrdsb.ca

- ਯੂਨੀਵਰਸਿਟੀ ਜਾਂ ਕਾਲਜ ਲਈ ਅਪਲਾਈ ਕਰ ਰਹੇ ਗਰੈਜੂਏਟਿੰਗ ਵਿਦਿਆਰਥੀ ਇਹ ਯੌਰਕ ਰੀਜਨ ਡਿਸਟ੍ਰਿਕਟ ਸਕੂਲ ਬੋਰਡ ਦੇ ਸੈਕੰਡਰੀ ਵਰਚੂਅਲ ਸਕੂਲ ਰਾਹੀਂ ਕਰਨਗੇ ਅਤੇ ਡਿਪਲੋਮੇ ਤੇ "YRDSB's Secondary Virtual School" ਦਿਸੇਗਾ।
- ਗਰੈਜੂਏਟ ਹੋ ਰਹੇ ਵਿਦਿਆਰਥੀ ਸੈਕੰਡਰੀ ਵਰਚੂਅਲ ਸਕੂਲ ਗਰੈਜੂਏਸ਼ਨ ਵਿਚ ਸ਼ਾਮਲ ਹੋ ਸਕਣਗੇ।

ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸਾਡੇ ਪਰਿਵਾਰਾਂ ਲਈ ਵਰਚੁਅਲ ਸਕੂਲ ਸਵਾਲ-ਜਵਾਬ ਦੇਖੋ।

## ਵਰਚੂਅਲ ਸਕੂਲ ਟਰਾਂਸਫਰ ਫਾਰਮ

ਵਰਚੂਅਲ ਸਕੂਲ ਟਰਾਂਸਫਰ ਫਾਰਮ ਯੌਰਕ ਰੀਜਨ ਡਿਸਟ੍ਰਿਕਟ ਸਕੂਲ ਬੋਰਡ ਦੇ ਵਿਦਿਆਰਥੀਆਂ ਵਾਸਤੇ ਹੈ, ਜਿਹੜੇ ਪੂਰੇ 2022-2023 ਸਕੂਲ ਸਾਲ ਵਾਸਤੇ ਐਲੀਮੈਂਟਰੀ ਜਾਂ ਸੈਕੰਡਰੀ ਵਰਚੂਅਲ ਸਕੂਲ ਲਈ ਟਰਾਂਸਫਰ ਕਰਨਾ ਚਾਹੁੰਦੇ ਹਨ। ਇਹ ਫਾਰਮ ਮਾਤਾ-ਪਿਤਾਂ/ਸਰਪ੍ਰਸਤਾਂ ਦੁਆਰਾ ਭਰੇ ਜਾਣ ਲਈ ਹੈ ਅਤੇ YRDSB ਵਰਚੂਅਲ ਸਕੂਲ ਲਈ ਟਰਾਂਸਫਰ ਦੀ ਦਰਖਾਸਤ ਕਰ ਰਹੇ ਹਰ ਬੱਚੇ ਦੁਆਰਾ ਇਕ ਵੱਖਰਾ ਟਰਾਂਸਫਰ ਫਾਰਮ ਮੁਕੰਮਲ ਕਰਨਾ ਵੀ ਲਾਜ਼ਮੀ ਹੈ। ਇਹ ਵਰਚੂਅਲ ਸਕੂਲ ਟਰਾਂਸਫਰ ਫਾਰਮ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਆਪਣੇ ਬੱਚੇ ਨਾਲ ਗੱਲ ਕਰੋ।

ਜਿਨ੍ਹਾਂ ਪਰਿਵਾਰਾਂ ਵਿਚ ਫੈਸਲਾ ਲੈਣ ਦੀ ਜ਼ਿੰਮੇਵਾਰੀ ਸਾਂਝੀ ਹੁੰਦੀ ਹੈ, ਉਨ੍ਹਾਂ ਨੂੰ ਫਾਰਮ ਮੁਕੰਮਲ ਕਰਨ ਤੋਂ ਪਹਿਲਾਂ ਫੈਸਲਾ ਕਰ ਲੈਣਾ ਚਾਹੀਦਾ ਹੈ। ਜਦੋਂ ਲਰਨਿੰਗ ਮੌਡਲ ਚੁਣਦੇ ਹੋ ਤਾਂ ਵਿਦਿਆਰਥੀਆਂ ਅਤੇ ਪਰਿਵਾਰਾਂ ਨੂੰ ਇਹ ਸੋਚਕੇ ਚੱਲਣਾ ਚਾਹੀਦਾ ਹੈ ਕਿ ਉਹ ਪੂਰਾ ਸਕੂਲ ਸਾਲ ਇਸੇ ਚੁਣੇ ਮੌਡਲ ਵਿਚ ਰਹਿਣਗੇ। ਅਸੀਂ ਇਹ ਗੱਲ ਮੰਨਦੇ ਹਾਂ ਕਿ ਇਸ ਮੌਕੇ ਇਹ ਫੈਸਲਾ ਕਰਨਾ ਪਰਿਵਾਰਾਂ ਲਈ ਚੁਣੌਤੀਪੂਰਨ ਹੋ ਸਕਦਾ ਹੈ, ਪਰ ਇਕ ਪ੍ਰਭਾਵਸ਼ਾਲੀ ਅਤੇ ਸਹਾਇਕ ਸਕੂਲ ਟਾਈਮਟੇਬਲ ਬਣਾਉਣ ਲਈ ਇਹ ਜਾਣਕਾਰੀ ਜ਼ਰੂਰੀ ਹੈ।

ਜੇ ਤੁਸੀਂ/ਤੁਹਾਡਾ ਬੱਚਾ ਸਕੂਲ ਸਾਲ 2022-2023 ਲਈ ਐਲੀਮੈਂਟਰੀ ਜਾਂ ਸੈਕੰਡਰੀ ਵਰਚੂਅਲ ਸਕੂਲ ਅਟੈਂਡ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਅੱਗੇ ਦਿੱਤਾ ਵਰਚੂਅਲ ਸਕੂਲ ਟਰਾਂਸਫਰ ਫਾਰਮ ਮੁਕੰਮਲ ਕਰੋ।

**ਅਹਿਮ:** ਵਰਚੂਅਲ ਸਕੂਲ ਟਰਾਂਸਫਰ ਫਾਰਮ ਸੋਮਵਾਰ, 31 ਮਾਰਚ ਤੋਂ 7 ਅਪਰੈਲ ਤੱਕ ਖੁੱਲ੍ਹਾ ਰਹੇਗਾ।

ਵਰਚੂਅਲ ਸਕੂਲ ਟਰਾਂਸਫਰ ਫਾਰਮ ਜਮ੍ਹਾ ਕਰਵਾਏ ਜਾਣ ਤੋਂ ਬਾਦ ਤੁਹਾਨੂੰ ਕਨਫਰਮ ਕਰਨ ਲਈ ਈਮੇਲ ਪ੍ਰਾਪਤ ਹੋਵੇਗੀ ਕਿ ਤੁਸੀਂ 2022-2023 ਸਕੂਲ ਸਾਲ ਲਈ ਵਰਚੂਅਲ ਸਕੂਲ ਟਰਾਂਸਫਰ ਫਾਰਮ ਜਮ੍ਹਾ ਕਰਵਾਇਆ ਹੈ। ਜਦੋਂ ਤੁਹਾਨੂੰ ਕਨਫਰਮੇਸ਼ਨ ਈਮੇਲ ਮਿਲਦੀ ਹੈ ਅਤੇ ਜੇ ਤੁਹਾਨੂੰ ਕੋਈ ਗਲਤੀ ਨਜ਼ਰ ਆਉਂਦੀ ਹੈ ਤਾਂ 7 ਅਪਰੈਲ, 2022 ਨੂੰ ਇਸਦੇ ਬੰਦ ਹੋਣ ਤੋਂ ਪਹਿਲਾਂ ਵਰਚੂਅਲ ਸਕੂਲ ਟਰਾਂਸਫਰ ਫਾਰਮ ਦੁਬਾਰਾ ਜਮ੍ਹਾ ਕਰਵਾ ਦਿਓ।

**ਅਹਿਮ:** ਸਭ ਤੋਂ ਬਾਦ ਦਿੱਤੀ ਦਰਖਾਸਤ ਨੂੰ ਪੂਰੇ 2022-2023 ਸਕੂਲ ਸਾਲ ਵਾਸਤੇ ਤੁਹਾਡਾ ਅੰਤਿਮ ਫੈਸਲਾ ਮੰਨਿਆ ਜਾਵੇਗਾ।

**ਅਹਿਮ:** ਸਾਰੇ 2022-2023 ਸਕੂਲ ਸਾਲ ਲਈ ਫੇਸ-ਟੂ-ਫੇਸ ਸਕੂਲ ਅਟੈਂਡ ਕਰਨ ਵਾਸਤੇ ਵਿਦਿਆਰਥੀਆਂ ਨੂੰ ਕੋਈ ਦਰਖਾਸਤ ਦੇਣ ਲਈ ਲੋੜ ਨਹੀਂ। ਅਸੀਂ ਜਾਣਦੇ ਹਾਂ ਕਿ ਪਰਿਵਾਰਾਂ ਦੇ ਸਕੂਲ ਵਾਪਸੀ ਬਾਰੇ ਬਹੁਤ ਸਾਰੇ ਸਵਾਲ ਹਨ, ਅਤੇ ਜਿਉਂ ਹੀ ਜਾਣਕਾਰੀ ਉਪਲਬਧ ਹੁੰਦੀ ਹੈ, ਅਸੀਂ ਤੁਹਾਡੇ ਨਾਲ ਜਾਣਕਾਰੀ ਸਾਂਝੀ ਕਰਨੀ ਜਾਰੀ ਰੱਖਾਂਗੇ। ਜਾਣਕਾਰੀ, ਵੀਡੀਓਜ਼ ਅਤੇ ਸਰੋਤ ਸਾਡੀ ਬੋਰਡ ਵੈਬਸਾਈਟ www.yrdsb.ca/school-reopening ਤੇ ਸ਼ੇਅਰ ਕੀਤੇ ਜਾਂਦੇ ਹਨ।

ਇਸ ਫਾਰਮ ਤੇ ਇਕੱਤਰ ਕੀਤੀ ਜਾਣਕਾਰੀ ਅਥੌਰਿਟੀ ਔਫ ਐਜੂਕੇਸ਼ਨ ਐਕਟ R.S.O. 1990, c E.2, s.8.1 ਅਧੀਨ ਇਕੱਤਰ ਕੀਤੀ ਜਾਂਦੀ ਹੈ, ਅਤੇ ਯੌਰਕ ਰੀਜਨ ਡਿਸਟ੍ਰਿਕਟ ਸਕੂਲ ਬੋਰਡ ਦੁਆਰਾ ਆਪਣੇ ਸਕੂਲਾਂ ਦੇ ਆਮ ਪ੍ਰਬੰਧ ਲਈ ਵਰਤੀ ਜਾਵੇਗੀ। ਇਸ ਫਾਰਮ ਵਿਚ ਇਕੱਤਰ ਕੀਤੀ ਸਾਰੀ ਨਿੱਜੀ ਜਾਣਕਾਰੀ ਮਿਉਨਿਸਪਲ ਫਰੀਡਮ ਔਫ ਇਨਫਰਮੇਸ਼ਨ ਐਂਡ ਪ੍ਰਟੈਕਸ਼ਨ ਔਫ ਪ੍ਰਾਈਵਸੀ ਐਕਟ R.S.O., 1990, c

THE EDUCATION CENTRE - AURORA
60 Wellington Street West, Aurora, Ontario L4G 3H2
**ਫੋਨ**: 905.722.3201 905.895.7216 905.727.3141 416.969.8131
**ਫੈਕਸ**: 905.727.1931
ਵੈਬਸਾਈਟ: www.yrdsb.ca

ਅਧੀਨ ਸੰਭਾਲੀ ਜਾਂਦੀ ਹੈ। M.56, s. 29. ਇਸ ਫਾਰਮ ਤੇ ਜਾਣਕਾਰੀ ਦੇ ਇਕੱਤਰ ਕਰਨ ਸੰਬੰਧੀ ਸਾਰੇ ਸਵਾਲ research.services@yrdsb.ca ਨੂੰ ਭੇਜੇ ਜਾ ਸਕਦੇ ਹਨ।